ਮਾਝਾ-ਦੁਆਬਾ

ਆਸ ਪਾਸ

ਐੱਸ.ਟੀ.ਐੱਫ. ਅੰਮ੍ਰਿਤਸਰ ਦੀ ਵੱਡੀ ਕਾਰਵਾਈ !

10 ਨਸ਼ਾ ਤਸਕਰਾਂ ਨੂੰ 5 ਕਿਲੋ ਹੈਰੋਇਨ, 2 ਮੋਬਾਇਲ ਤੇ 2 ਪਾਕਿਸਤਾਨੀ ਸਿੰਮਾਂ ਸਮੇਤ ਕੀਤਾ ਗ੍ਰਿਫ਼ਤਾਰ

ਅੰਮ੍ਰਿਤਸਰ, 25 ਜੁਲਾਈ (ਬਬਲੂ ਮਹਾਜਨ) :ਪਿਛਲੇ ਕੁਝ ਮਹੀਨੇ ਪਹਿਲਾਂ ਲੁਧਿਆਣਾ ਦੇ ਕੋਰਟ ਕੰਪਲੈਕਸ ਵਿਚ ਹੋਏ ਬੰਬ ਬਲਾਸਟ ਮਾਮਲੇ 'ਚ 2 ਵਿਅਕਤੀਆਂ ਨੂੰ ਨਸ਼ਾ ਤਸਕਰੀ ਕਰਦੇ ਅੰਮ੍ਰਿਤਸਰ ਐਸਟੀਐਫ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ।ਜਿਸ ਸਬੰਧੀ ਇਕ ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦੇਂਦਿਆਂ ਏ.ਆਈ.ਜੀ ਐਸ.ਟੀ ਐਫ ਸ: ਰਛਪਾਲ ਸਿੰਘ ਨੇ ਦੱਸਿਆ ਕਿ ਨਸ਼ਾ ਤਸਕਰੀ ਦੇ ਮਾਮਲੇ ਚ ਫੜੇ ਗਏ 10 ਵਿਅਕਤੀਆਂ ਵਿਚੋਂ ਕਿ ਸੁਰਮੁਖ ਸਿੰਘ ਸਮੂ ਅਤੇ ਦਿਲਬਾਗ ਸਿੰਘ ਬਗੋ ਨਾਮ ਦੇ ਵਿਅਕਤੀ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਲੁਧਿਆਣਾ ਕੋਰਟ ਕੰਪਲੈਕਸ 'ਚ ਬੰਬ ਬਲਾਸਟ 'ਚ ਉਨ੍ਹਾਂ ਦਾ ਵੀ ਹੱਥ ਸੀ। ਸੁਰਮੁਖ ਸਿੰਘ ਸਮੂ ਨੇ ਪਾਕਿਸਤਾਨ ਆਈ.ਐਸ.ਆਈ ਏਜੰਟ ਨਾਲ ਮਿਲ ਕੇ ਈ.ਆਈ.ਡੀ. ਪਾਕਿਸਤਾਨ ਤੋਂ ਮੰਗਵਾਈ ਸੀ ਅਤੇ ਦਿਲਬਾਗ ਸਿੰਘ ਬੱਗੋ ਅਤੇ ਉਸਦਾ ਇੱਕ ਸਾਥੀ ਉਸ ਵਲੋਂ ਈ.ਆਈ.ਡੀ. ਨੂੰ ਲੁਧਿਆਣਾ ਵਿਖੇ ਪਹੁੰਚਾ ਕੇ ਆਏ ਸੀ।ਲੁਧਿਆਣਾ ਬੰਬ ਕਾਂਡ ਦੀ ਤਫ਼ਤੀਸ਼ ਐਨ.ਆਈ.ਏ. ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਮੁਕੱਦਮੇ ਵਿਚ ਤਫ਼ਤੀਸ਼ ਦੌਰਾਨ ਹੀ ਦੋਸ਼ੀਆਂ ਤੋਂ ਪੁੱਛਗਿੱਛ ਹੋਣ ਕਰਕੇ ਲੁਧਿਆਣਾ ਬੰਬ ਕਾਂਡ ਟਰੇਸ ਹੋਇਆ ਹੈ।ਇਸ ਦੇ ਨਾਲ ਹੀ ਐਸ.ਟੀ ਐਫ ਬਾਰਡਰ ਰੇਂਜ ਅੰਮ੍ਰਿਤਸਰ ਦੇ ਅਧਿਕਾਰੀਆਂ ਨੇ ਇਹ ਵੀ ਦਾਅਵਾ ਕੀਤਾ ਕਿ ਸੁਰਮੁਖ ਸਿੰਘ ਸਮੂਹ ਜਿੱਥੇ ਹੈਰੋਇਨ ਤਸਕਰੀ ਮਾਮਲੇ ਚ ਨਾਮਜ਼ਦ ਹੋਇਆ ਹੈ ਉੱਥੇ ਹੀ ਇਹ ਆਈਐਸਆਈ ਦੇ ਏਜੰਟਾਂ ਨਾਲ ਮਿਲ ਕੇ ਪੰਜਾਬ ਦਾ ਨੈੱਟਵਰਕ ਢਹਿ ਢੇਰੀ ਕਰਨ ਚ ਵੀ ਇਸ ਦਾ ਹੱਥ ਹੈ ।ਇੱਥੇ ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਐਸਟੀਐਫ ਪੁਲਸ ਵੱਲੋਂ ਦਸ ਦੇ ਕਰੀਬ ਆਰੋਪੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਕੋਲ ਕੁੱਲ ਪੰਜ ਕਿੱਲੋ ਹੈਰੋਇਨ ਬਰਾਮਦ ਹੋਈ ਹੈ ਦੋ ਪਾਕਿਸਤਾਨੀ ਸਿੰਮ ਬਰਾਮਦ ਹੋਏ ਹਨ ਤੇ ਦੋ ਮੋਬਾਇਲ ਫੋਨ ਵੀ ਬਰਾਮਦ ਹੋਏ ਹਨ ਅਤੇ ਇਨ੍ਹਾਂ ਦਸਾਂ ਵਿਅਕਤੀਆਂ ਦੀ ਪਛਾਣ ਹਰਪ੍ਰੀਤ ਸਿੰਘ ਉਰਫ ਹੈਪੀ ਸੁਖਵਿੰਦਰ ਸਿੰਘ ਉਰਫ ਭੋਲਾ, ਦਿਲਬਾਗ ਸਿੰਘ ਉਰਫ ਬੱਗਾ, ਸਰਬਜੀਤ ਸਿੰਘ ਉਰਫ ਸੱਬਾ, ਸੁਰਮੁੱਖ ਸਿੰਘ ਸਮੂ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ,ਰਿੰਕੂ ਕੁਮਾਰ ਉਰਫ ਲਾਡੋ, ਅਵਤਾਰ ਸਿੰਘ ,ਗੁਰਅਵਤਾਰ ਸਿੰਘ ਅਤੇ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿੱਚੋਂ ਕੀ ਸੁਰਮੁਖ ਸਿੰਘ ਸਮੂ ਅਤੇ ਦਿਲਬਾਗ ਸਿੰਘ ਬੱਗੂ ਲੁਧਿਆਣਾ ਬੰਬ ਕਾਂਡ ਮਾਮਲੇ ਵਿਚ ਵੀ ਸ਼ਾਮਿਲ ਹੈ ਹੁਣ ਪੁਲਸ ਵੱਲੋਂ ਇਨ੍ਹਾਂ ਤੇ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਾਹੀਯੋਗ ਜ਼ਮੀਨ ਨੂੰ ਕਮਰਸ਼ੀਅਲ ਵਿਖਾ ਹੋਇਆ ਕਰੋੜਾਂ ਦਾ ਘੋਟਾਲਾ : ਧਾਲੀਵਾਲ

ਆਮ ਲੋਕਾਂ ਦੇ ਟੈਕਸ ਦਾ ਪੈਸਾ ਹੈ ਅਤੇ ਕੋਈ ਵੀ ਅਧਿਕਾਰੀ ਜਾਂ ਵਿਅਕਤੀ ਬਖ਼ਸ਼ਿਆ ਨਹੀਂ ਜਾਵੇਗਾ

ਅੰਮ੍ਰਿਤਸਰ, 25 ਜੁਲਾਈ (ਬਬਲੂ ਮਹਾਜਨ) :ਜੰਮੂ ਕੱਟੜਾ ਐਕਸਪ੍ਰੈਸ ਵੇ ਵਿੱਚ ਖੇਤੀਬਾੜੀ ਜ਼ਮੀਨਾਂ ਨੂੰ ਕਮਰਸ਼ੀਅਲ ਦਿਖਾ ਕੇ ਮਿਲੀਭਗਤ ਨਾਲ ਖ਼ਰੀਦੋ ਫਰੋਖਤ ਵਿੱਚ ਹੋ ਰਹੇ ਘੋਟਾਲੇ ਖਿਲਾਫ਼ ਪੰਜਾਬ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਮਾਨਵਾਲਾ ਦਾ ਦੌਰਾ ਕੀਤਾ ਉਹਨਾਂ ਦੇ ਨਾਲ ਅੰਮ੍ਰਿਤਸਰ ਦੇ ਸ. ਹਰਪ੍ਰੀਤ ਸਿੰਘ ਸੂਦਨ ਵੀ ਮੌਕੇ ਤੇ ਪਹੁੰਚੇ ਅਤੇ ਕਿਸਾਨਾਂ ਅਤੇ ਪਿੰਡ ਵਾਲਿਆਂ ਨਾਲ ਗੱਲ ਬਾਤ ਕੀਤੀ ਇਸ ਮੌਕੇ ਮੌਜੂਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਬੀਤੇ ਕੱਲ੍ਹ ਹੀ ਕਿਸਾਨ ਉਹਨਾਂ ਕੋਲ ਜ਼ਮੀਨਾਂ ਦੀ ਖ਼ਰੀਦੋ ਫਰੋਖਤ ਵਿੱਚ ਮਿੱਲ ਰਹੇ ਮੁਆਵਜ਼ੇ ਦੇ ਘੋਟਾਲੇ ਨੂੰ ਲੈ ਕੇ ਸ਼ਿਕਾਇਤ ਲੈ ਕੇ ਪਹੁੰਚੇ ਸੀ, ਤੇ ਅੱਜ ਹੀ 24 ਘੰਟਿਆਂ ਵਿੱਚ ਸਾਥ ਨੂੰ ਲੈ ਕੇ ਮੌਕੇ ਤੇ ਪਹੁੰਚੇ ਹਾਂ ਅਤੇ 2 ਹਫਤਿਆਂ ਵਿੱਚ ਹੀ ਮੁਕੰਮਲ ਜਾਂਚ ਕੀਤੀ ਜਾਵੇ ਅਤੇ ਜਾਂਚ ਜਨਤਕ ਕੀਤੀ ਜਾਵੇ ਅਤੇ ਜਿਹੜੇ ਬੰਦੇ ਕਸੂਰਵਾਰ ਹਨ ਉਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕੇਂਦਰ ਦੇ ਪੈਸੇ ਦੀ ਦੁਰਵਰਤੋਂ ਨਾ ਹੋਵੇ ਕਿਉਂਕਿ ਇਹ ਪੈਸੇ ਆਮ ਲੋਕਾਂ ਦੇ ਟੈਕਸ ਦਾ ਪੈਸਾ ਹੈ ਅਤੇ ਕੋਈ ਵੀ ਅਧਿਕਾਰੀ ਜਾਂ ਵਿਅਕਤੀ ਬਖ਼ਸ਼ਿਆ ਨਹੀਂ ਜਾਵੇਗਾ

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਹਰਪ੍ਰੀਤ ਸਿੰਘ ਸੂਦਨ ਨੇ ਦੱਸਿਆ ਕਿ ਮਾਨਯੋਗ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਜੀ ਦੀ ਹਿਦਾਇਤ ਤੇ ਪਿੰਡ ਮਾਨਾਵਾਲਾ ਪਹੁੰਚੇ ਹਾਂ ਅਤੇ ਕਿਸਾਨਾਂ ਵਲੋਂ ਮਿੱਲ ਰਹੀਆਂ ਸ਼ਿਕਾਇਤਾਂ ਹਨ ਜੋ ਕਿ ਉਹਨਾਂ ਦੇ ਚਾਰਜ ਸੰਭਾਲਣ ਤੋਂ ਪਹਿਲਾਂ ਦੀਆਂ ਹਨ ਵਧੀਕ ਜਨਰਲ ਕਮਿਸ਼ਨ ਨੂੰ ਮਾਰਕ ਕੀਤੀ ਗਈ ਹੈ ਅਤੇ ਇਹ ਵੇਖਣ ਨੂੰ ਆਇਆ ਹੈ ਕਿ ਇਸ ਪ੍ਰੋਜੈਕਟ ਵਿੱਚ ਹੀ ਬਹੁਤ ਸ਼ਿਕਾਇਤਾਂ ਆ ਰਹੀਆਂ ਹਨ ਇਹਨਾਂ ਵਿਚੋਂ ਕੁੱਝ ਜਾਂਚਾ ਜਲਦ ਹੀ ਜਨਤਕ ਕੀਤੀਆਂ ਜਾਣਗੀਆਂ ਅਤੇ ਕੁੱਝ ਜਾਂਚਾਂ ਜਿਹੜੀਆਂ ਰਹਿ ਗਈਆਂ ਹਨ ਉਸ ਦੀ ਜਾਂਚ ਦੀ ਜਿੰਮੇਵਾਰੀ ਲਗਾ ਦਿੱਤੀ ਗਈ ਹੈ ਅਤੇ 2 ਹਫਤਿਆਂ ਵਿੱਚ ਜਾਂਚ ਦੀ ਰਿਪੋਰਟ ਜਨਤਕ ਕਰ ਦਿੱਤੀ ਜਾਵੇਗੀ ਅਤੇ ਕਿਸੇ ਵੀ ਕਸੂਰਵਾਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ

ਪੱਤਰਕਾਰਾਂ ਨਾਲ ਗੱਲ ਕਰਦਿਆਂ ਸੁੱਬਾ ਜੋਇੰਟ ਸਕੱਤਰ ਅਸ਼ੋਕ ਤਲਵਾਰ ਨੇ ਕਿਹਾ ਕਿ ਕਿਸਾਨਾਂ ਮੁਤਾਬਿਕ ਇਸ ਪਿੰਡ ਵਿੱਚ ਹੋਇਆ ਘੋਟਾਲਾ ਹੀ 38 ਤੋਂ 40 ਕਰੋੜ ਦਾ ਬਣਦਾ ਹੈ,ਇਹ ਵੱਡਾ ਘੋਟਾਲਾ ਕਾਂਗਰਸ ਦੀ ਵੱਡੀ ਕੋਤਾਹੀ ਦਾ ਨਤੀਜਾ ਹੈ,ਵਾਹੀਯੋਗ ਜ਼ਮੀਨ ਨੂੰ ਜਿਸ ਦੀ ਕੀਮਤ 80 ਤੋਂ 1 ਕਰੋੜ ਸੀ ਉਸ ਨੂੰ ਕਮਰਸ਼ੀਅਲ ਵਿਖਾ ਕੇ ਅਫਸਰਾਂ ਦੀ ਮਿਲੀਭੁਗਤ ਨਾਲ ਕਈ ਗੁਣਾ ਮੁੱਲ ਤੇ ਪਾਸ ਕਰਵਾਇਆ ਇਸ ਮੌਕੇ ਸੀਨੀਅਰ ਆਗੂ ਅਨਿਲ ਮਹਾਜਨ, ਜਿਲ੍ਹਾ ਮੀਡਿਆ ਇੰਚਾਰਜ ਵਿਕਰਮਜੀਤ ਵਿੱਕੀ, ਵਿਸ਼ਵ ਸਹਿਜ ਪਾਲ,ਰਮਨ ਕੁਮਾਰ,ਅਤੇ ਹੋਰਨਾਂ ਵਲੰਟੀਅਰ ਅਤੇ ਪਿੰਡ ਵਾਸੀ ਮੌਜੂਦ ਸਨ।

ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਵੀ ਯੋਗਦਾਨ ਪਾਉਣਾ ਚਾਹੀਦੈ: ਭਾਈ ਗੁਰਇਕਬਾਲ ਸਿੰਘ

ਅੰਮ੍ਰਿਤਸਰ, 25 ਜੁਲਾਈ (ਬਬਲੂ ਮਹਾਜਨ) :ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਬਰਾਂਚ 2), ਨੇੜੇ ਗੁਰਦੁਆਰਾ ਟਾਹਲਾ ਸਾਹਿਬ : ਤਰਨ ਤਾਰਨ ਰੋਡ, ਅੰਮ੍ਰਿਤਸਰ ਵਿਖੇ ਦਸਵੀਂ ਅਤੇ ਬਾਰ੍ਹਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ ਸਕੂਲ ਦੇ ਪ੍ਰਿੰਸੀਪਲ ਇੰਦਰਪ੍ਰੀਤ ਕੌਰ ਨੇ ਦੱਸਿਆ ਕਿ ਬਾਰ੍ਹਵੀਂ ਕਲਾਸ ਦੇ ਬੱਚੇ ਗਰਵਿਤ ਗੁਲਾਟੀ ਨੇ 95,4% (ਨਾਨ-ਮੈਡੀਕਲ), ਸੁਖਮਨਦੀਪ ਕੌਰ 94.2% (ਮੈਡੀਕਲ), ਨਵਜੋਤ ਸਿੰਘ 93% (ਨਾਨ-ਮੈਡੀਕਲ) ਅਤੇ ਕਾਮਰਸ ਵਿਚੋਂ ਅਰਸ਼ਦੀਪ ਸਿੰਘ 92.4%, ਜਸ਼ਨਪ੍ਰੀਤ ਸਿੰਘ 91.8%, ਮੁਸਕਾਨਪ੍ਰੀਤ ਕੌਰ 91.8%, ਏਕਮਦੀਪ ਸਿੰਘ 91.4%, ਰਾਜਬੀਰ ਸਿੰਘ 90.6% ਅਤੇ ਪੁਨੀਤ ਕੌਰ 90.4% ਅੰਕ ਪ੍ਰਾਪਤ ਕੀਤੇ ਅਤੇ ਦਸਵੀਂ ਕਲਾਸ ਦੇ ਅਨਾਹਦਪ੍ਰੀਤ ਕੌਰ 95,8, ਗੁਰਸੀਰਤ ਕੌਰ 94.8%, ਹਰਪਿੰਦਰ ਸਿੰਘ 94.6%, ਉਤਮਪ੍ਰੀਤ ਕੌਰ 94,4% ਅਤੇ ਦਿਲਪ੍ਰੀਤ ਕੌਰ ਨੇ 93,6% ਅੰਕ ਪ੍ਰਾਪਤ ਕਰਕੇ ਸਕੂਲ ਦਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਦਸਵੀਂ ਕਲਾਸ ਵਿੱਚੋਂ ਜਿਨ੍ਹਾਂ ਬੱਚਿਆਂ ਦੇ 9) ਪ੍ਰਤੀਸ਼ਤ ਤੋਂ ਉੱਪਰ ਨੰਬਰ ਆਏ ਹਨ ਉਹਨਾਂ ਨੂੰ ਸਕੂਲ ਵੱਲੋਂ ਫੀਸ ਵਿੱਚ 50% ਦੀ ਛੂਟ ਦਿੱਤੀ ਗਈ ਹੈ ਜੀ। ਸਕੂਲ ਦੇ ਬਾਰ੍ਹਵੀਂ ਕਲਾਸ ਦੇ ਕੁਲ 91 ਬੱਚਿਆਂ ਨੇ ਅਤੇ ਦਸਵੀਂ ਕਲਾਸ ਦੇ 221 ਬੱਚਿਆਂ ਨੇ ਪੇਪਰ ਦਿੱਤੇ ਜਿਨ੍ਹਾਂ ਵਿੱਚੋਂ ਸਾਰੇ ਬੱਚੇ ਪਾਸ ਹੋਏ । ਇਸ ਮੌਕੇ ਸਕੂਲ ਦੇ ਚੇਅਰਮੈਨ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ, ਸ. ਰਜਿੰਦਰ ਸਿੰਘ (ਐੱਮ.ਡੀ), ਸ. ਟਹਿਲਇੰਦਰ ਸਿੰਘ, ਸ. ਭੁਪਿੰਦਰ ਸਿੰਘ ਗੁਰਦਾ ਨੇ ਅੱਵਲ ਆਉਣ ਵਾਲੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਬੱਚੇ ਦੇਸ਼ ਦਾ ਭਵਿੱਖ ਹੈ। ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਜਸਲੀਨ ਕੌਰ ਬ੍ਰਾਂਚ ਵਨ ਪ੍ਰਿੰਸੀਪਲ ਆਰਤੀ ਸੂਦ ਬ੍ਰਾਂਚ3 ਸਾਰੇ ਸਟਾਫ ਅਤੇ ਬੱਚਿਆਂ ਨੂੰ ਵਧਾਈਆਂ ਦਿੱਤੀਆਂ ।

'ਬਾਬਾ ਫੂਲਾ ਸਿੰਘ ਅਕਾਲੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੁੱਢਾ ਦਲ ਇੱਕ ਵਿਸ਼ੇਸ਼ ਸਮਾਗਮ ਭੋਪਾਲ ਵਿਖੇ ਕਰਵਾਏ'

ਕਮੇਟੀ ਮੈਂਬਰਾਂ ਨੇ ਦਿਲਜੀਤ ਸਿੰਘ ਬੇਦੀ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ, 25 ਜੁਲਾਈ (ਗੁਰਦਿਆਲ ਸਿੰਘ) :ਬਾਬਾ ਫੂਲਾ ਸਿੰਘ ਅਕਾਲੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੀਦੀਆਂ ਰੋਡ ਭੋਪਾਲ ਦੇ ਅਹੁਦੇਦਾਰ ਤੇ ਮੈਂਬਰ ਸਾਹਿਬਾਨ ਨੇ ਵਿਸ਼ੇਸ਼ ਰੁਚੀ ਲੈਂਦਿਆਂ ਬੁੱਢਾ ਦਲ ਦੇ ਸਕੱਤਰ ਸ: ਦਿਲਜੀਤ ਸਿੰਘ ਬੇਦੀ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਭੋਪਾਲ ਵਿਖੇ ਇਕ ਯਾਦਗਾਰੀ ਸਮਾਗਮ ਕਰਵਾਉਣ ਬਾਰੇ ਇਛਾ ਜ਼ਾਹਿਰ ਕੀਤੀ।

ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਦੇ ਦਫ਼ਤਰ ਵਿਖੇ ਸ: ਰਣਜੀਤ ਸਿੰਘ ਵਿਤ ਸਕੱਤਰ, ਬੀਬੀ ਸਿਮਰਨਜੀਤ ਕੌਰ ਪ੍ਰਧਾਨ, ਧਰਮ ਪ੍ਰਚਾਰ ਕਮੇਟੀ ਹਮੀਦੀਆਂ, ਸ: ਹਰਵਿੰਦਰ ਸਿੰਘ ਰਿੰਕੂ ਜਨਰਲ ਸਕੱਤਰ, ਸ: ਪਰਮਵੀਰ ਸਿੰਘ ਪ੍ਰਧਾਨ, ਸ: ਰਵਿੰਦਰ ਸਿੰਘ ਐਡਵੋਕੇਟ ਨੇ ਬੁੱਢਾ ਦਲ ਵੱਲੋਂ ਮਨਾਈ ਜਾਣ ਵਾਲੀ ਬਾਬਾ ਫੂਲਾ ਸਿੰਘ ਅਕਾਲੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਕ ਸਮਾਗਮ ਭੋਪਾਲ ਵਿਖੇ ਆਯੋਜਿਤ ਕਰਨ ਦੀ ਭਾਵਨਾ ਪ੍ਰਗਟਾਈ ਤੇ ਇਸ ਬਾਰੇ ਰੂਪ ਰੇਖਾ ਬਣਾਉਂਦਿਆਂ ਵਿਚਾਰ ਵਟਾਂਦਰਾ ਕੀਤਾ। ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਸ਼ਹੀਦ ਅਕਾਲੀ ਬਾਬਾ ਫੂਲਾ ਜੀ ਦਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਭੂਮਿਕਾ ਹੈ, ਅਜਿਹੀਆਂ ਮਹਾਨ ਸ਼ਖਸੀਅਤਾਂ ਦੇ ਸ਼ਹੀਦੀ ਦਿਹਾੜੇ ਮਨਾਉਣ ਨਾਲ ਕੌਮ ਅੰਦਰ ਇਤਿਹਾਸ ਪ੍ਰਤੀ ਜਾਗਰੂਕਤਾਂ ਆਏਗੀ ਅਤੇ ਨੌਜਵਾਨੀ ਗੌਰਵ ਮਹਿਸੂਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੀਦੀਆਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਭੋਪਾਲ ਵਿਖੇ ਮਨਾਏਗੀ।

ਸੁਖਮਨੀ ਸੇਵਾ ਸੁਸਾਇਟੀ ਦੇ ਪੰਜ ਜਥਿਆਂ ਨੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸੁਖਮਨੀ ਸਾਹਿਬ ਦੇ ਪਾਠ ਪ੍ਰਵਾਹ 'ਚ ਹਾਜ਼ਰੀ ਲਗਵਾਈ

ਅੰਮ੍ਰਿਤਸਰ, 25 ਜੁਲਾਈ (ਗੁਰਦਿਆਲ ਸਿੰਘ) : ਗੁ: ਮੱਲ ਅਖਾੜਾ ਪਾ: ਛੇਵੀਂ ਅਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤਸਰ ਦੀਆਂ ਪੰਜ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵਲੋਂ ਚੱਲ ਰਹੇ ਲਗਾਤਾਰ ਸੁਖਮਨੀ ਸਾਹਿਬ ਦੇ ਪਾਠ ਜਾਪ ਤੇ ਸ਼ਬਦ ਕੀਰਤਨ ਪ੍ਰਵਾਹ ਵਿੱਚ ਸੰਗਤੀ ਰੂਪ ਚ ਆਪਣਾ ਹਿੱਸਾ ਪਾਇਆ।

ਬੁੱਢਾ ਦਲ ਦੇ ਸਕੱਤਰ ਸ: ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਪ੍ਰੇਰਨਾ ਸਦਕਾ ਸਮੂਹ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਚਾਰ ਜੁਲਾਈ ਤੋਂ ਇਸ ਪਾਵਨ ਅਸਥਾਨ ਤੇ ਕੀਰਤਨ ਤੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਪ੍ਰਵਾਹ ਲਗਾਤਾਰ ਚਲ ਰਹੇ ਹਨ। ਉਨ੍ਹਾਂ ਕਿਹਾ ਐਤਵਾਰ ਨੂੰ ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਰਾਮਦਾਸ ਸੁਖਮਨੀ ਸੇਵਾ ਸੁਸਾਇਟੀ ਭਾਈ ਤਰਜਿੰਦਰ ਸਿੰਘ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸੁਖਮਨੀ ਦਰਬਾਰ ਸ: ਮਹਿੰਦਰ ਸਿੰਘ, ਬੀਬੀ ਕੌਲਾਂ ਜੀ ਦੀ ਸੁਖਮਨੀ ਸੇਵਾ ਸੁਸਾਇਟੀ ਭਾਈ ਗੁਰਦੀਪ ਸਿੰਘ ਸਲੂਜਾ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਮਜੀਠਾ ਰੋਡ ਸਵਿੰਦਰ ਸਿੰਘ ਕੁਹਾਲੀ, ਸੁਖਮਨੀ ਸੇਵਾ ਸੁਸਾਇਟੀ ਅਜੀਤ ਨਗਰ ਤੋਂ ਬੀਬੀ ਸੁਖਜੀਤ ਕੌਰ ਖਾਲਸਾ ਅਧਾਰਤ ਪੰਜ ਜਥਿਆਂ ਨੇ ਸ਼ਬਦ ਕੀਰਤਨ ਤੇ ਪਾਠ ਜਾਪ ਦੇ ਚੱਲ ਰਹੇ ਪ੍ਰਵਾਹ ਵਿਚ ਸੇਵਾ ਨਿਭਾਈ। ਅੱਜ ਸੁਖਮਨੀ ਸਾਹਿਬ ਦੇ ਪਾਠ ਜਾਪ ਪ੍ਰਵਾਹ ਦੀ ਦੀ ਸੰਪੂਰਨਤਾ ਉਪਰੰਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਅਮਰੀਕ ਸਿੰਘ ਵੱਲੋਂ ਸ: ਗੁਰਦੀਪ ਸਿੰਘ ਸਲੂਜਾ, ਸ: ਮਹਿੰਦਰ ਸਿੰਘ, ਸ: ਤਰਜਿੰਦਰ ਸਿੰਘ, ਸ: ਸਵਿੰਦਰ ਸਿੰਘ ਕੋਹਾਲੀ, ਬੀਬੀ ਸੁਖਜੀਤ ਕੌਰ ਖਾਲਸਾ ਨੂੰ ਸਿਰਪਾਓ ਦੀ ਬਖਸ਼ਿਸ਼ ਕੀਤੀ ਗਈ।

ਸਿਵਲ ਹਸਪਤਾਲ ਬਾਬਾ ਬਕਾਲਾ ਵਿਖੇ ਦਿਵਿਆਂਗ